ਨੰ: 8/2/2012-5ਵਿ.ਬ.1/ 343

ਪੰਜਾਬ ਸਰਕਾਰ

ਵਿੱਤ ਵਿਭਾਗ

( ਵਿੱਤ ਬਜਟ-1 ਸ਼ਾਖਾ )

ਮਿਤੀ, ਚੰਡੀਗੜ੍ਹ 27 ਜੁਲਾਈ, 2012

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ, ਜਿਲ੍ਹਾ ਅਤੇ ਸੈਸ਼ਨ ਜੱਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ।

ਵਿਸ਼ਾ :- ਮਾਨਯੋਗ ਵਿੱਤ ਮੰਤਰੀ, ਪੰਜਾਬ ਵੱਲੋਂ ਵਿੱਤੀ ਸਾਲ 2012-13 ਦਾ ਬਜਟ ਪੇਸ਼ ਕਰਦੇ ਸਮੇਂ ਐਲਾਨ ਕੀਤੇ ਅਨੁਸਾਰ ਸਰਕਾਰੀ ਖਰਚੇ ਵਿੱਚ ਕਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।

****

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਵੱਲ ਆਪਦਾ ਧਿਆਨ ਦਿਵਾਉਂਦੇ ਹੋਏ ਵਿੱਤੀ ਸਾਲ 2012-13 ਦੌਰਾਨ ਸਰਕਾਰੀ ਖਰਚੇ ਵਿੱਚ ਕਫਾਇਤ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕਰਨ ਦੇ ਆਦੇਸ਼ ਹੋਏ ਹਨ :-

ੳ) ਵਿੱਤੀ ਸਾਲ 2012-13 ਦੌਰਾਨ ਕਿਸੇ ਤਰ੍ਹਾਂ ਦੀ ਨਵੀਂ ਸਰਕਾਰੀ ਮੋਟਰ ਗੱਡੀ ਦੀ ਖਰੀਦ ਨਾ ਕੀਤੀ ਜਾਵੇ ਅਤੇ ਇਸ ਮੰਤਵ ਲਈ ਰੱਖਿਆ ਗਿਆ ਬਜਟ ਤੁਰੰਤ ਸਰੰਡਰ (surrender) ਕਰਵਾਉਣ ਦੀ ਜਿੰਮੇਵਾਰੀ ਸਬੰਧਤ ਵਿਭਾਗ ਦੇ ਮੁੱਖੀ (HOD)/ਦਫਤਰ ਦੇ ਮੁੱਖੀ (HOO) ਦੀ ਹੋਵੇਗੀ। ਇਸ ਸਬੰਧੀ ਵਿਭਾਗ ਦੇ ਮੁੱਖੀ ਵੱਲੋਂ ਕੋਈ ਵੀ ਕੇਸ ਪ੍ਰਬੰਧਕੀ ਵਿਭਾਗ ਨੂੰ ਨਾ ਭੇਜਿਆ ਜਾਵੇ ਅਤੇ ਨਾ ਹੀ ਪ੍ਰਬੰਧਕੀ ਵਿਭਾਗ ਵੱਲੋਂ ਕੋਈ ਵੀ ਕੇਸ ਵਿੱਤ ਵਿਭਾਗ ਨੂੰ ਭੇਜਿਆ ਜਾਵੇ।

ਅ) ਸਰਕਾਰੀ ਗੱਡੀਆਂ ਲਈ ਮੌਜੂਦਾ ਨਿਰਧਾਰਤ ਪੈਟਰੋਲ/ਡੀਜ਼ਲ ਦੀ ਵਰਤੋਂ ਤੇ 10% ਦੀ ਕਟੌਤੀ ਅਤੇ ਗੱਡੀਆਂ ਦੇ ਰੱਖ-ਰਖਾਵ ਅਤੇ ਮੁਰੰਮਤ ਤੇ ਆਉਣ ਵਾਲੇ ਖਰਚੇ ਵਿੱਚ ਵੀ 10% ਦੀ ਕਟੌਤੀ ਤੁਰੰਤ ਲਾਗੂ ਕਰਨਾ ਹਰ ਇੱਕ ਵਿਭਾਗ ਦੇ ਮੁੱਖੀ (HOD)/ਦਫਤਰ ਦੇ ਮੁੱਖੀ (HOO) ਦੀ ਜਿੰਮੇਵਾਰੀ ਹੋਵੇਗੀ। ਇਸ ਸਬੰਧੀ 10% ਬਜਟ ਸਰੰਡਰ (surrender) ਕਰਨ ਨੂੰ ਯਕੀਨੀ ਬਣਾਇਆ ਜਾਵੇ। ਸਰਕਾਰੀ ਗੱਡੀਆਂ ਨੂੰ ਪੈਟਰੋਲ/ਡੀਜ਼ਲ ਦੀ ਖਪਤ ਅਤੇ ਗੱਡੀਆਂ ਦੇ ਰੱਖ-ਰਖਾਵ ਅਤੇ ਮੁਰੰਮਤ ਤੇ ਆਉਣ ਵਾਲੇ ਖਰਚੇ ਸਬੰਧੀ ਵਿੱਤ ਵਿਭਾਗ ਦੇ ਪੱਤਰ ਨੰ: 15/9/2005-5ਵਿਬ1/5851, ਮਿਤੀ 14-9-2006 ਰਾਹੀਂ ਨਿਰਧਾਰਿਤ ਕੀਤੀ ਗਈ ਲਿਮਿਟ ਹੁਣ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ:-

| ਲੜੀ ਨੰ: | ਗੱਡੀ ਦਾ ਨਾਮ | ਮਿਤੀ 14-9-2006 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪਹਿਲਾਂ ਨਿਸ਼ਚਿਤ ਕੀਤੀ ਗਈ ਲਿਮਟ | ਹੁਣ ਤੋਂ ਨਵੀਂ ਨਿਸ਼ਚਿਤ ਕੀਤੀ ਗਈ ਲਿਮਟ |
|---|---|---|---|
| 1. | ਕਾਰ (ਪੈਟਰੋਲ) | 290 ਲੀਟਰ ਪ੍ਰਤੀ ਮਹੀਨਾ | 261 ਲੀਟਰ ਪ੍ਰਤੀ ਮਹੀਨਾ (ਫਿਕਸ) |

-2-

| | | | |
|---|---|---|---|
| 2. | ਜਿਪਸੀ(ਪੈਟਰੋਲ) | 290 ਲੀਟਰ ਪ੍ਰਤੀ ਮਹੀਨਾ | 261 ਲੀਟਰ ਪ੍ਰਤੀ ਮਹੀਨਾ (ਫਿਕਸ) |
| 3. | ਜੀਪ (ਡੀਜ਼ਲ)/ ਟਾਟਾ ਸੂਮੋ | 440 ਲੀਟਰ ਪ੍ਰਤੀ ਮਹੀਨਾ | 261 ਲੀਟਰ ਪ੍ਰਤੀ ਮਹੀਨਾ (ਫਿਕਸ) |
| 4. | ਕੋਈ ਹੋਰ ਚੱਲ ਰਹੀ ਗੱਡੀ | | |
| (ੳ) | ਪੈਟਰੋਲ | 290 ਲੀਟਰ ਪ੍ਰਤੀ ਮਹੀਨਾ | 261 ਲੀਟਰ ਪ੍ਰਤੀ ਮਹੀਨਾ (ਫਿਕਸ) |
| (ਅ) | ਡੀਜ਼ਲ | 440 ਲੀਟਰ ਪ੍ਰਤੀ ਮਹੀਨਾ | 261 ਲੀਟਰ ਪ੍ਰਤੀ ਮਹੀਨਾ (ਫਿਕਸ) |

ਹੇਠ ਲਿਖੇ ਖੇਤਰੀ ਅਫਸਰਾਂ ਲਈ ਸਰਕਾਰੀ ਗੱਡੀ ਲਈ ਪੈਟਰੋਲ, ਰੱਖ-ਰਖਾਵ ਅਤੇ ਮੁਰੰਮਤ ਲਈ ਖਰਚਾ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤਾ ਜਾਂਦਾ ਹੈ:

| ਲੜੀ ਨੰ: | ਅਫਸਰਾਂ ਦਾ ਅਹੁਦਾ | ਮਿਤੀ 14-9-2006 ਨੂੰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪਹਿਲਾਂ ਨਿਸ਼ਚਿਤ ਕੀਤੀ ਗਈ ਲਿਮਟ | ਹੁਣ ਤੋਂ ਨਵੀਂ ਨਿਸ਼ਚਿਤ ਕੀਤੀ ਗਈ ਲਿਮਟ |
|---|---|---|---|
| 1. | ਡਵੀਜ਼ਨਾਂ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ | 460 ਲੀਟਰ ਪੈਟਰੋਲ ਪ੍ਰਤੀ ਮਹੀਨਾ | 414 ਲੀਟਰ ਪੈਟਰੋਲ/ ਡੀਜ਼ਲ ਪ੍ਰਤੀ ਮਹੀਨਾ (ਫਿਕਸ) |
| 2. | ਉਪਮੰਡਲ ਮੈਜਿਸਟਰੇਟ ਅਤੇ ਤਹਿਸੀਲਦਾਰ | 377 ਲੀਟਰ ਪੈਟਰੋਲ ਪ੍ਰਤੀ ਮਹੀਨਾ | 339 ਲੀਟਰ ਪੈਟਰੋਲ/ ਡੀਜ਼ਲ ਪ੍ਰਤੀ ਮਹੀਨਾ (ਫਿਕਸ) |
| 3. | ਟਰਾਂਸਪੋਰਟ ਵਿਭਾਗ ਦੇ ਇਨਫੋਰਸਮੈਂਟ ਵਿੰਗ ਦੇ ਅਫਸਰ' ਜਿਵੇਂ ਸਕੱਤਰ ਆਰ.ਟੀ.ਏ, ਡੀ.ਟੀ.ਓ ਅਤੇ ਮੁੱਖ ਦਫਤਰ ਵਿਖੇ ਫਲਾਇੰਗ ਸਕਾਰਡ ਦੇ ਮੁੱਖ ਅਫਸਰ | 418 ਲੀਟਰ ਪੈਟਰੋਲ ਪ੍ਰਤੀ ਮਹੀਨਾ | 376 ਲੀਟਰ ਪੈਟਰੋਲ ਪ੍ਰਤੀ ਮਹੀਨਾ (ਫਿਕਸ) |
| | (ੳ) ਡਵੀਜ਼ਨਲ ਆਬਕਾਰੀ ਤੇ ਕਰ ਕਮਿਸ਼ਨਰ (ਡਵੀਜ਼ਨ ਦੇ ਇੰਚਾਰਜ) | 418 ਲੀਟਰ ਪੈਟਰੋਲ ਪ੍ਰਤੀ ਮਹੀਨਾ | 376 ਲੀਟਰ ਪੈਟਰੋਲ ਪ੍ਰਤੀ ਮਹੀਨਾ (ਫਿਕਸ) |
| | (ਅ) ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ (ਜ਼ਿਲ੍ਹੇ ਦਾ ਇੰਚਾਰਜ) | 418 ਲੀਟਰ ਪੈਟਰੋਲ ਪ੍ਰਤੀ ਮਹੀਨਾ | 376 ਲੀਟਰ ਪੈਟਰੋਲ ਪ੍ਰਤੀ ਮਹੀਨਾ (ਫਿਕਸ) |
| | (ੲ) ਇਨਫੋਰਸਮੈਂਟ ਅਫਸਰ (ਈ.ਟੀ.ਓ ਦੇ ਅਹੁਦੇ ਤੋਂ ਘੱਟ ਨਾ ਹੋਵੇ) | 418 ਲੀਟਰ ਪੈਟਰੋਲ ਪ੍ਰਤੀ ਮਹੀਨਾ | 376 ਲੀਟਰ ਪੈਟਰੋਲ ਪ੍ਰਤੀ ਮਹੀਨਾ (ਫਿਕਸ) |
| | (ਸ) ਈ.ਟੀ.ਓ (ਆਬਕਾਰੀ) ਜੋ ਜਿਲ੍ਹੇ ਵਿੱਚ ਪੋਸਟ ਹੋਵੇ | 418 ਲੀਟਰ ਪੈਟਰੋਲ ਪ੍ਰਤੀ ਮਹੀਨਾ | 376 ਲੀਟਰ ਪੈਟਰੋਲ ਪ੍ਰਤੀ ਮਹੀਨਾ (ਫਿਕਸ) |

| | | | |
|---|---|---|---|
| 5. | ਇੰਸਪੈਕਟਰ ਜਨਰਲ ਆਫ ਪੁਲਿਸ ਜ਼ੋਨ ਇੰਚਾਰਜ, ਡੀ.ਆਈ.ਜੀ. ਰੈਨਜ ਇੰਚਾਰਜ ਅਤੇ ਐਸ.ਐਸ.ਪੀ. ਜ਼ਿਲ੍ਹਾ ਪੁਲਿਸ ਦੇ ਇੰਚਾਰਜ | 460 ਲੀਟਰ ਪੈਟਰੋਲ ਪ੍ਰਤੀ ਮਹੀਨਾ | 314 ਲੀਟਰ ਪੈਟਰੋਲ ਪ੍ਰਤੀ ਮਹੀਨਾ (ਵਿਕਸ) |
| 6. | ਡੀ.ਐਸ.ਪੀ. ਇੰਚਾਰਜ ਆਫ ਸਬ ਡਵੀਜ਼ਨ ਪੁਲਿਸ | 377 ਲੀਟਰ ਪੈਟਰੋਲ ਪ੍ਰਤੀ ਮਹੀਨਾ | 339 ਲੀਟਰ ਪੈਟਰੋਲ ਪ੍ਰਤੀ ਮਹੀਨਾ (ਵਿਕਸ) |

ਗੱਡੀਆਂ ਦੀ ਪੈਟਰੋਲ ਅਤੇ ਡੀਜਲ ਦੀ ਔਸਤ ਪ੍ਰਤੀ ਕਿਲੋਮੀਟਰ ਲਗਭਗ ਇੱਕੋ ਜਿਹੀ ਹੀ ਹੈ, ਇਸ ਲਈ ਪੈਟਰੋਲ ਅਤੇ ਡੀਜਲ ਦੀ ਲਿਮਟ ਬਰਾਬਰ ਨਿਸ਼ਚਿਤ ਕਰ ਦਿੱਤੀ ਗਈ ਹੈ। ਅਫਸਰ ਸਟਾਫ ਵਾਹਨ ਦੀ ਵਰਤੋਂ ਲਈ ਕੇਵਲ ਇੱਕ ਵਾਹਨ ਰਾਹੀਂ ਦਫਤਰ ਤੋਂ ਆਉਣ ਜਾਣ ਲਈ 45 ਲੀਟਰ ਪੈਟਰੋਲ ਪ੍ਰਤੀ ਮਹੀਨਾ ਦੀ ਖਪਤ ਕਰਨ ਲਈ ਯੋਗ ਹੋਣਗੇ। ਸਰਕਾਰੀ ਗੱਡੀਆਂ ਦੀ ਰੱਖ-ਰਖਾਵ ਅਤੇ ਮੁਰੰਮਤ ਲਈ ਖਰਚਾ ਕਰਨ ਦੀ ਲਿਮਟ 4500/- ਰੁਪਏ ਪ੍ਰਤੀ ਮਹੀਨਾ ਜਾਂ 54000/- ਰੁਪਏ ਪ੍ਰਤੀ ਸਾਲ ਦੀ ਹੋਵੇਗੀ ਜਿਹੜੀ ਕਿ ਪੈਟਰੋਲ/ਡੀਜਲ ਪ੍ਰਤੀ ਨਹੀਂ ਵਰਤੀ ਜਾਵੇਗੀ।

ੲ) ਰਾਜ ਵਿੱਚ ਬਿਜਲੀ ਦੀ ਕਮੀ ਅਤੇ ਬਿਜਲੀ ਖਰਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰੀ ਦਫਤਰਾਂ ਵਿੱਚ ਬਿਜਲੀ ਦੀ ਬੇਲੋੜੀ ਵਰਤੋਂ ਨੂੰ ਰੋਕਣ ਲਈ ਤੁਰੰਤ ਸਖਤ ਕਦਮ ਚੁੱਕੇ ਜਾਣ । ਸਬੰਧਤ ਵਿਭਾਗ ਦੇ ਮੁੱਖੀ (HOD)/ ਦਫਤਰ ਦੇ ਮੁੱਖੀ (HOO), ਇਹ ਸੁਨਿਸ਼ਚਿਤ ਕਰਨਗੇ ਕਿ ਬਿਜਲੀ ਖਰਚੇ ਵਿੱਚ ਘੱਟੋ-ਘੱਟ 10% ਕਟੌਤੀ ਸੰਭਵ ਹੋ ਸਕੇ। ਇਸ ਤੋਂ ਇਲਾਵਾ ਸਰਕਾਰੀ ਟੈਲੀਫੋਨ ਦੀ ਵਰਤੋਂ ਅਤਿ ਜਰੂਰੀ ਕੰਮਾਂ ਲਈ ਹੀ ਕੀਤੀ ਜਾਵੇ ਅਤੇ ਟੈਲੀਫੋਨ ਦੀ ਨਜ਼ਾਇਜ਼ ਵਰਤੋਂ ਨੂੰ ਰੋਕਣ ਲਈ ਆਪਣੀ ਪੱਧਰ ਤੇ ਲੋੜੀਂਦੇ ਕਦਮ ਚੁੱਕੇ ਜਾਣ ਤਾਂ ਜੋ ਟੈਲੀਫੋਨ ਬਿਲਾਂ ਵਿੱਚ ਵੀ 10% ਕਟੌਤੀ ਸੰਭਵ ਹੋ ਸਕੇ । ਇਸ ਸੰਦਰਭ ਵਿਚ ਸਬੰਧਤ ਮੱਦਾਂ ਵਿੱਚ 10% ਕਟੌਤੀ ਨੂੰ ਯਕੀਨੀ ਬਣਾਉਂਦੇ ਹੋਏ ਬਜਟ ਸਰੰਡਰ ਕੀਤਾ ਜਾਵੇ ਅਤੇ ਨਾਲ ਹੀ ਇਹ ਵੀ ਧਿਆਨ ਰੱਖਿਆ ਜਾਵੇ ਕਿ ਉਪਰੋਕਤ ਖਰਚਿਆਂ ਦੇ ਬਿੱਲ ਇਕੱਠੇ ਨਾ ਹੋਣ।

ਸ) ਦਫਤਰਾਂ ਦੀ ਰੈਨੋਵੇਸ਼ਨ ਤੇ ਪੂਰਨ ਪਾਬੰਦੀ ਹੋਵੇਗੀ। ਦਫਤਰੀ ਖਰਚਿਆਂ ਵਿੱਚ 10% ਕਟੌਤੀ ਲਾਗੂ ਕਰਨ ਨੂੰ ਵਿਭਾਗ ਦੇ ਮੁੱਖੀ (HOD)/ ਦਫਤਰ ਦੇ ਮੁੱਖੀ (HOO) ਯਕੀਨੀ ਬਣਾਉਣਗੇ । ਜੇਕਰ 10% ਦੀ ਕਟੌਤੀ ਕਰਨ ਨਾਲ ਫੰਡ ਬੱਚ ਜਾਂਦੇ ਹਨ ਤਾਂ ਉਨ੍ਹਾਂ ਦੀ ਵਰਤੋਂ ਨਾਲ ਦਫਤਰਾਂ ਦੀ ਮੁਰੰਮਤ/ਸਾਜੋ ਸਮਾਨ ਦੀ ਖਰੀਦ ਤੇ ਵੀ ਪਾਬੰਦੀ ਹੋਵੇਗੀ।

3. ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ।

ਵਿਸ਼ਵਾਸ਼ਪਾਤਰ,

(ਕਸ਼ਮੀਰਾ ਸਿੰਘ)

ਬਜਟ ਅਫਸਰ-ਕਮ-ਉਪ ਸਕੱਤਰ ਵਿੱਤ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ, ਪੰਜਾਬ, ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਬਜਟ ਅਫਸਰ-ਕਮ-ਉਪ ਸਕੱਤਰ ਵਿੱਤ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ।
2) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ:ਵਿ:ਪੱ: ਨੰ: 8/2/2012-5ਵਿ.ਬ.1/ 344 ਮਿਤੀ, ਚੰਡੀਗੜ੍ਹ 27 ਜੁਲਾਈ, 2012

ਇਸ ਦਾ ਇੱਕ ਉਤਾਰਾ ਸੰਯੁਕਤ ਸਕੱਤਰ, ਉਪ ਸਕੱਤਰ, ਅਧੀਨ ਸਕੱਤਰ/ਵਿੱਤ ਵਿਭਾਗ ਅਤੇ ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫਸਰ-ਕਮ-ਉਪ ਸਕੱਤਰ ਵਿੱਤ

ਸੇਵਾ ਵਿਖੇ,

ਸੰਯੁਕਤ ਸਕੱਤਰ, ਉਪ ਸਕੱਤਰ, ਅਧੀਨ ਸਕੱਤਰ, ਵਿੱਤ ਵਿਭਾਗ ਅਤੇ ਸੁਪਰਡੰਟ ਸਮੂਹ ਵਿੱਤ ਖਰਚਾ ਸ਼ਾਖਾਵਾਂ ।

ਅੰ:ਵਿ:ਪੱ: ਨੰ: 8/2/2012-5ਵਿ.ਬ.1/ 345 ਮਿਤੀ, ਚੰਡੀਗੜ੍ਹ 27 ਜੁਲਾਈ, 2012
ਪਿੱਠ ਅੰਕਣ ਨੰ: 8/2/2012-5ਵਿ.ਬ.1/ 346 ਮਿਤੀ, ਚੰਡੀਗੜ੍ਹ 27 ਜੁਲਾਈ, 2012

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਡਾਇਰੈਕਟਰ ( ਖਜ਼ਾਨਾ ਤੇ ਲੇਖਾ ), ਪੰਜਾਬ ,

2) ਸਮੂਹ ਖਜ਼ਾਨਾ ਅਫਸਰ, ਪੰਜਾਬ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

3) ਸੁਪਰਡੰਟ, ਵਿੱਤ ਬਜਟ-1 ਸ਼ਾਖਾ, ਵਿੱਤ ਵਿਭਾਗ ਨੂੰ ਭੇਜ ਕੇ ਵਿਸ਼ੇਸ਼ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਪਰੋਕਤ 'ੳ', 'ਅ', 'ੲ' ਅਤੇ 'ਸ' ਤੇ ਕੀਤੀਆਂ ਹਦਾਇਤਾਂ ਦੀ ਪਲਾਣਾ ਨੂੰ ਯਕੀਨੀ ਬਣਾਉਣ ਲਈ ਸਬੰਧਤ ਮੱਦਾਂ ਵਿੱਚ 10% ਕਟੌਤੀ ਲਗਾਉਣ ਲਈ ਵੱਖਰੇ ਤੌਰ ਤੇ ਆਈ.ਐਫ.ਐਮ.ਐਸ. ਰਾਹੀਂ 'TCS' ਨਾਲ ਤਾਲਮੇਲ ਕਰਨ। ਉਹ ਇਨ੍ਹਾਂ ਮੱਦਾਂ ਵਿੱਚ ਲੋੜੀਂਦੀ ਕਟੌਤੀ ਕਰਵਾਉਣ ਉਪਰੰਤ ਦਫਤਰ ਨੂੰ ਸੂਚਿਤ ਕਰਨਗੇ।

4) ਡਿਪਟੀ ਡਾਇਰੈਕਟਰ, ਆਈ.ਐਫ.ਐਮ.ਐਸ., TCS ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਪਰੋਕਤ ਹਦਾਇਤਾਂ ਅਨੁਸਾਰ ਕਾਰਵਾਈ ਕਰਦੇ ਹੋਏ ਸੁਪਰਡੰਟ, ਵਿੱਤ ਬਜਟ 1 ਸ਼ਾਖਾ ਨਾਲ ਤੁਰੰਤ ਸੰਪਰਕ ਕਰਨ।

ਬਜਟ ਅਫਸਰ-ਕਮ-ਉਪ ਸਕੱਤਰ ਵਿੱਤ